# ਕਾਇਰੋਪ੍ਰੈਕਟਿਕ (Chiropractic)

ਆਖਰੀ ਵਾਰੀ ਅੱਪਡੇਟ ਕੀਤਾ ਗਿਆ: **ਜਨਵਰੀ 2024**

ਹਰ ਸਾਲ ਲਗਭਗ 1 ਮਿਲੀਅਨ ਬ੍ਰਿਟਿਸ਼ ਕੋਲੰਬੀਅਨ ਕਿਸੇ ਕਾਇਰੋਪ੍ਰੈਕਟਰ ਨੂੰ ਮਿਲਣ ਜਾਂਦੇ ਹਨ। ਕਾਇਰੋਪ੍ਰੈਕਟਿਕ ਸਿਹਤ ਦੇਖਭਾਲ, ਰੀੜ੍ਹ ਦੀ ਹੱਡੀ ਅਤੇ ਰੀੜ੍ਹ ਦੀ ਹੱਡੀ ਨਾਲ ਸਬੰਧਤ ਆਮ ਅਵਸਥਾਵਾਂ, ਅਤੇ ਤੁਹਾਡੇ ਫੈਮਲੀ ਕਾਇਰੋਪ੍ਰੈਕਟਰ ਤੋਂ ਕੀ ਉਮੀਦ ਕਰਨੀ ਹੈ, ਬਾਰੇ ਜਾਣਕਾਰੀ ਲਈ, ਬ੍ਰਿਟਿਸ਼ ਕੋਲੰਬੀਆ ਕਾਇਰੋਪ੍ਰੈਕਟਿਕ ਐਸੋਸੀਏਸ਼ਨ 'ਤੇ ਜਾਓ।

ਕਾਇਰੋਪ੍ਰੈਕਟਿਕ ਦੇਖਭਾਲ ਤੁਹਾਡੀਆਂ ਮਾਸਪੇਸ਼ੀਆਂ, ਜੋੜਾਂ, ਨਾੜੀਆਂ ਅਤੇ ਰੀੜ੍ਹ ਦੀ ਹੱਡੀ ਨਾਲ ਸਬੰਧਤ ਸਮੱਸਿਆਵਾਂ ਲਈ ਦਵਾਈਆਂ ਜਾਂ ਸਰਜਰੀ ਦੀ ਵਰਤੋਂ ਤੋਂ ਬਿਨਾਂ ਤਸ਼ਖੀਸ ਅਤੇ ਇਲਾਜ ਪ੍ਰਦਾਨ ਕਰਦੀ ਹੈ। ਆਮ ਅਵਸਥਾਵਾਂ ਜਿਨ੍ਹਾਂ ਦਾ ਇਲਾਜ ਕੀਤਾ ਜਾਂਦਾ ਹੈ ਉਹਨਾਂ ਵਿੱਚ ਕਮਰ ਦਰਦ, ਗਰਦਨ ਵਿੱਚ ਦਰਦ, ਸਿਰ ਦਰਦ ਅਤੇ ਮੋਚਾਂ ਸ਼ਾਮਲ ਹੁੰਦੀਆਂ ਹਨ। ਕਾਇਰੋਪ੍ਰੈਕਟਿਕ ਡਾਕਟਰ ਰਿਕਵਰੀ ਦਾ ਸਮਰਥਨ ਕਰਨ ਅਤੇ ਰੋਕਥਾਮ ਨੂੰ ਉਤਸ਼ਾਹਤ ਕਰਨ ਲਈ ਪੋਸ਼ਣ ਅਤੇ ਕਸਰਤ ਬਾਰੇ ਸਲਾਹ ਵੀ ਦੇ ਸਕਦੇ ਹਨ।

ਬ੍ਰਿਟਿਸ਼ ਕੋਲੰਬੀਆ ਦੇ 80 ਪ੍ਰਤੀਸ਼ਤ ਤੋਂ ਵੱਧ ਲੋਕ ਆਪਣੀ ਜ਼ਿੰਦਗੀ ਦੇ ਕਿਸੇ ਸਮੇਂ ਪਿੱਠ ਅਤੇ ਗਰਦਨ ਦੇ ਦਰਦ ਤੋਂ ਪੀੜਤ ਹੋਣਗੇ। ਕੰਮ ਵਾਲੀ ਥਾਂ ਦੀਆਂ ਘਟਨਾਵਾਂ, ਕਾਰ ਦੁਰਘਟਨਾਵਾਂ, ਖੇਡਾਂ ਦੀਆਂ ਸੱਟਾਂ, ਮਾੜੀ ਮੁੱਦਰਾ, ਘਰੇਲੂ ਕੰਮ ਅਤੇ ਰੋਜ਼ਾਨਾ ਜੀਵਨ ਦਾ ਤਣਾਅ ਸਾਰੇ ਹੀ ਦੁਖਦਾਈ ਜੋੜਾਂ ਅਤੇ ਰੀੜ੍ਹ ਦੀ ਹੱਡੀ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਖੋਜ ਅਤੇ ਨਤੀਜਿਆਂ ਬਾਰੇ ਜਾਣਕਾਰੀ ਲਈ, ਬੀਸੀ ਕਾਇਰੋਪ੍ਰੈਕਟਿਕ ਐਸੋਸੀਏਸ਼ਨ - ਕਾਇਰੋਪ੍ਰੈਕਟਿਕ ਵਰਕਸ 'ਤੇ ਜਾਓ।

ਕਾਇਰੋਪ੍ਰੈਕਟਿਕ 1934 (ਕਾਇਰੋਪ੍ਰੈਕਟਰਸ ਐਕਟ) ਤੋਂ ਬ੍ਰਿਟਿਸ਼ ਕੋਲੰਬੀਆ ਕਾਨੂੰਨ ਦੇ ਅਧੀਨ ਇੱਕ ਨਿਯੰਤ੍ਰਿਤ ਪੇਸ਼ਾ ਰਿਹਾ ਹੈ। 1 ਮਾਰਚ, 2009 ਤੋਂ, ਕਾਲਜ ਆਫ਼ ਕਾਇਰੋਪ੍ਰੈਕਟਰਸ ਹੈਲਥ ਪ੍ਰੋਫੈਸ਼ਨਜ਼ ਐਕਟ ਦੇ ਅਧੀਨ ਆਉਂਦਾ ਹੈ ਜੋ ਬੀ.ਸੀ. ਵਿੱਚ ਸਾਰੇ ਨਿਯੰਤ੍ਰਿਤ ਸਿਹਤ ਪੇਸ਼ਿਆਂ ਨੂੰ ਨਿਯੰਤ੍ਰਿਤ ਕਰਦਾ ਹੈ।

ਬੀਸੀ ਕਾਇਰੋਪ੍ਰੈਕਟਿਕ ਐਸੋਸੀਏਸ਼ਨ ਤੋਂ ਹੇਠਾਂ ਦਿੱਤੇ ਸਾਧਨ ਤੱਥ, ਖੋਜ ਅਤੇ ਹੋਰ ਸਰੋਤ ਪ੍ਰਦਾਨ ਕਰਦੇ ਹਨ ਜੋ ਤੁਹਾਡੀ ਸਿਹਤ ਦੇਖਭਾਲ ਦੇ ਵਿਕਲਪਾਂ ਬਾਰੇ ਸੋਚਣ ਵੇਲੇ ਮਦਦਗਾਰ ਹੋ ਸਕਦੇ ਹਨ:

- ਆਪਣੇ ਨੇੜੇ ਕਾਇਰੋਪ੍ਰੈਕਟਿਕ ਦਾ ਡਾਕਟਰ ਲੱਭੋ
- ਦੇਖਭਾਲ ਲਈ ਸੁਝਾਅ
- ਕਾਇਰੋਪਰੈਕਟਰ ਨੂੰ ਕਿਉਂ ਮਿਲਣਾ ਚਾਹੀਦਾ ਹੈ?
- ਕਾਇਰੋਪ੍ਰੈਕਟਿਕ ਮਦਦ ਕਰਦਾ ਹੈ

ਬੀ.ਸੀ. ਵਿੱਚ ਕਾਇਰੋਪ੍ਰੈਕਟਿਕ ਪੇਸ਼ੇ ਬਾਰੇ ਵਧੇਰੇ ਜਾਣਕਾਰੀ ਲਈ, ਬੀਸੀ ਕਾਇਰੋਪ੍ਰੈਕਟਿਕ ਐਸੋਸੀਏਸ਼ਨ 'ਤੇ ਜਾਓ।